(i) **Printed Pages : 3** **Roll No. ...............................**

(ii) **Questions : 6** **Sub. Code : 0 1 0 9**

**Exam. Code : 0 0 0 2**

**B.A./B.Sc. (General) 2nd Semester**

**1048**

# PUNJABI

**Paper : (Elective)**

**Time Allowed : Three Hours]** **[Maximum Marks : 90**

**ਨੋਟ :-** ਸਾਫ਼ ਅਤੇ ਸੁੰਦਰ ਲਿਖਾਈ ਨੂੰ ਉਤਸ਼ਾਹਿਤ ਕੀਤਾ ਜਾਵੇਗਾ। ਪ੍ਰਸ਼ਨਾਂ ਦੇ ਉੱਤਰ ਪ੍ਰਸ਼ਨ ਪੱਤਰ ਵਿੱਚ ਦਿੱਤੀ ਤਰਤੀਬ ਮੁਤਾਬਿਕ ਹੀ ਹੱਲ ਕੀਤੇ ਜਾਣ।

1. (ੳ) ਹੇਠ ਲਿਖਿਆਂ ਵਿਚੋਂ ਕਿਸੇ **ਇੱਕ** ਕਾਵਿ-ਟੋਟੇ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(i) ਵਿਹਲੜਾਂ ਨੇ ਮਾਣਿਆਂ, ਸਵਾਦ ਏ ਅਜ਼ਾਦੀਆਂ ਦਾ
ਕਾਮਿਆਂ ਦੀ ਜਾਨ ਲੀਰੋ-ਲੀਰ ਹੋਈ ਏ।
ਤੇਰੇ ਜ਼ੁਲਮਾਂ ਦੀ,
ਤੇਰੇ ਜ਼ੁਲਮਾਂ ਦੀ ਜ਼ਾਲਮਾਂ ਅਖ਼ੀਰ ਹੋਈ ਏ।

(ii) ਇਹ ਮਨੁੱਖ ਹੈ ਜੋ
ਮਨੁੱਖ ਬਣਨ ਲਈ
ਜ਼ੋਰ ਲਾਉਂਦਾ ਹੈ
ਆਪਣੇ ਆਪ ਨੂੰ
ਕਦੇ ਰੱਬ ਦੇ ਸਾਂਚੇ ਵਿਚ ਢਾਲਦਾ ਹੈ
ਕਦੇ ਦੇਵਤਾ ਦੇ
ਨਾ ਰੱਬ ਬਣਦਾ ਹੈ, ਨਾ ਮਨੁੱਖ ਬਣਦਾ ਹੈ। 10

(ਅ) ਕਿਸੇ **ਇੱਕ** ਕਵਿਤਾ ਦਾ ਵਿਸ਼ਾ-ਵਸਤੂ ਲਿਖੋ :

(i) ਲੋਹਾ

(ii) ਮਾਂ-ਪੁੱਤ 10

2\. (ੳ) ਫੌਜਾ ਸਿੰਘ ਨੇ ਵਰਿਆਮ ਸਿੰਘ ਦੇ ਮਾਰੇ ਜਾਣ ਮਗਰੋਂ ਉਸ ਦੇ ਟੱਬਰ ਪ੍ਰਤੀ ਜ਼ਿੰਮੇਵਾਰੀ ਕਿਵੇਂ ਨਿਭਾਈ ?

**ਜਾਂ**

ਲੱਖੀ ਨਾਲ ਗੰਡੂ ਦੀ ਝੜਪ ਦੀ ਘਟਨਾ ਕਿਵੇਂ ਵਾਪਰੀ ? ਇਸ ਘਟਨਾ ਪਿਛੋਂ ਲੱਖੀ ਪਿੰਡੋਂ ਨਿਕਲ ਕੇ ਕਿਹੜੇ ਰਾਹ ਪੈ ਗਿਆ ? 10

(ਅ) 'ਦੁਆਬਾ' ਨਾਵਲ ਦੀ ਸਾਹਿਤਕ ਅਲੋਚਨਾ ਕਰੋ।

**ਜਾਂ**

'ਦੁਆਬਾ' ਨਾਵਲ ਦਾ ਵਿਸ਼ਾ-ਵਸਤੂ ਵਿਸਥਾਰ ਸਹਿਤ ਸਪਸ਼ਟ ਕਰੋ। 10

3\. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕੋਈ **ਪੰਜ** ਪ੍ਰਸ਼ਨਾਂ ਦੇ ਉੱਤਰ ਲਿਖੋ :

(i) ਕਵੀ ਨੂੰ ਦੇਸ਼ ਤੋਂ ਵੱਧ ਕੀ ਪਿਆਰਾ ਹੈ ਤੇ ਉਹ ਉਹਨਾਂ ਲਈ ਕੀ ਕਰਨਾ ਚਾਹੁੰਦਾ ਹੈ ?

(ii) ਜਦੋਂ ਕਵੀ ਜ਼ਖ਼ਮ ਖਾ ਬੈਠਦਾ ਹੈ, ਤਾਂ ਕਿਹੜੀ ਚੀਜ਼ ਉਸ ਨੂੰ ਪਨਾਹ ਦਿੰਦੀ ਹੈ ?

(iii) 'ਵਿਯੋਗੀ' ਕਵਿਤਾ ਦਾ ਕੇਂਦਰੀ ਭਾਵ ਲਿਖੋ।

(iv) ਦੀਪੋ ਦੇ ਰੁੱਸਣ ਨਾਲ ਲੱਖੀ ਦੀ ਕੀ ਹਾਲਤ ਹੋਈ ਸੀ ?

(v) ਵਰਿਆਮ ਸਿੰਘ ਦੀ ਪਤਨੀ ਤੇ ਬੱਚਿਆਂ ਦੇ ਨਾਮ ਲਿਖੋ।

(vi) 'ਦੁਆਬਾ' ਨਾਵਲ ਦਾ ਲੇਖਕ ਕੌਣ ਹੈ ? ਉਸਨੇ ਹੋਰ ਕਿਹੜੇ-ਕਿਹੜੇ ਨਾਵਲ ਲਿਖੇ।

(vii) ਲੱਖੀ ਨੇ ਸੁਦਾਗਰ ਨੂੰ ਕਿਸ ਤਰ੍ਹਾਂ ਮਾਰਿਆ ?

(viii) ਸੁਦਾਗਰ ਦੀ ਵਰਿਆਮ ਨਾਲ ਦੁਸ਼ਮਣੀ ਕਿਉਂ ਪਈ ? $5\times2=10$

4. ਕੋਈ **ਚਾਰ** ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖੋ :

(i) ਜਸਵੰਤ ਸਿੰਘ ਕੰਵਲ ਦੇ ਕੋਈ ਚਾਰ ਨਾਵਲਾਂ ਦੇ ਨਾਮ ਲਿਖੋ।

(ii) ਭਾਈ ਵੀਰ ਸਿੰਘ ਦੇ ਨਾਵਲਾਂ ਦੇ ਵਿਸ਼ੇ ਕਿਸ ਪ੍ਰਕਾਰ ਦੇ ਹਨ ?

(iii) ਨਿੱਕੀ ਕਹਾਣੀ ਦਾ ਮੋਢੀ ਕੌਣ ਹੈ ? ਉਸਦੇ ਪਹਿਲੇ ਕਹਾਣੀ ਸੰਗ੍ਰਹਿ ਦਾ ਨਾਮ ਲਿਖੋ।

(iv) ਪੰਜਾਬੀ ਦੇ ਪੰਜ ਪ੍ਰਸਿੱਧ ਕਹਾਣੀਕਾਰਾਂ ਦੇ ਨਾਮ ਲਿਖੋ।

(v) ਸਫ਼ਰਨਾਮਾ ਕੀ ਹੁੰਦਾ ਹੈ ? ਪੰਜਾਬੀ ਦੇ ਕੋਈ ਤਿੰਨ ਸਫ਼ਰਨਾਮਿਆਂ ਦੇ ਨਾਂ ਲਿਖੋ।

(vi) ਬਲਰਾਜ ਸਾਹਨੀ ਰਚਿਤ ਸਫ਼ਰਨਾਮਿਆਂ ਦੇ ਨਾਮ ਲਿਖੋ। $4\times5=20$

5. ਸਾਹਿਤ ਦੇ ਤੱਤਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿਉ।

**ਜਾਂ**

ਸਾਹਿਤ ਦੀ ਪਰਿਭਾਸ਼ਾ ਦਿਉ ਅਤੇ ਇਸ ਦੇ ਪ੍ਰਯੋਜਨ ਬਾਰੇ ਵਿਸਥਾਰ ਸਹਿਤ ਲਿਖੋ। 10

6. ਅਲੰਕਾਰ ਕੀ ਹੁੰਦਾ ਹੈ ? ਇਸਦਾ ਕਵਿਤਾ ਵਿੱਚ ਕੀ ਸਥਾਨ ਹੈ, ਵਿਸਥਾਰ ਸਹਿਤ ਲਿਖੋ।

**ਜਾਂ**

ਧੁਨੀ ਸੰਪ੍ਰਦਾਇ ਬਾਰੇ ਵਿਸਤ੍ਰਿਤ ਜਾਣਕਾਰੀ ਦਿਉ। 10